a2zpapers.com

035

Roll No. ..................

[Total No. of Printed Pages : 8

Total No. of Questions : 32]

SS

2067

ਸਲਾਨਾ ਪਰੀਖਿਆ ਪ੍ਰਨਾਲੀ

**RELIGION (Theory)**

**(Punjabi, Hindi and English Versions)**

**(Evening Session)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 035 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਇਸ ਪ੍ਰਸ਼ਨ-ਪੱਤਰ ਦੇ ਕੁਲ 32 ਪ੍ਰਸ਼ਨ ਭਾਗ-ੳ, ਅ, ੲ, ਸ ਵਿੱਚ ਦਿੱਤੇ ਗਏ ਹਨ ।

(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(vi) ਭਾਗ-ੳ ਵਿੱਚ ਵਸਤੂਨਿਸ਼ਠ 10 ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ । $10 \times 1 = 10$

(vii) ਭਾਗ-ਅ ਵਿੱਚ 8 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦੇਣੇ ਹਨ । ਹਰੇਕ ਪ੍ਰਸ਼ਨ 2-2 ਅੰਕਾਂ ਦਾ ਹੈ । $8 \times 2 = 16$

(viii) ਭਾਗ-ੲ ਵਿੱਚ 10 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਵਿਚੋਂ 3 ਪ੍ਰਸ਼ਨ ਅੰਦਰੂਨੀ ਛੋਟ ਵਾਲੇ ਹਨ ਜਿਨ੍ਹਾਂ ਦੇ ਉੱਤਰ 60-70 ਸ਼ਬਦਾਂ ਵਿੱਚ ਹਨ । ਹਰੇਕ ਪ੍ਰਸ਼ਨ 4-4 ਅੰਕਾਂ ਦਾ ਹੈ ? $10 \times 4 = 40$

(ix) ਭਾਗ-ਸ ਵਿੱਚ ਲੰਬੇ ਉੱਤਰਾਂ ਵਾਲੇ 4 ਪ੍ਰਸ਼ਨ ਹਨ ਜਿਨ੍ਹਾਂ ਵਿੱਚ ਅੰਦਰੂਨੀ ਛੋਟ ਹੈ । ਹਰੇਕ ਪ੍ਰਸ਼ਨ 6-6 ਅੰਕਾਂ ਦਾ ਹੈ । ਹਰੇਕ ਪ੍ਰਸ਼ਨ ਦਾ ਉੱਤਰ 1½ ਤੋਂ 2 ਪੰਨਿਆਂ ਵਿੱਚ ਦੇਣਾ ਹੈ । $4 \times 6 = 24$

## ਭਾਗ-ੳ

1. ਗੁਰੂ ਅੰਗਦ ਦੇਵ ਜੀ ਦਾ ਮੁਢਲਾ ਨਾਂ ਕੀ ਸੀ ? 1

2. ਵੈਦਿਕ ਸਾਹਿਤ ਦੀ ਰਚਨਾ ਕਿਸ ਭਾਸ਼ਾ ਵਿੱਚ ਕੀਤੀ ਗਈ ? 1

[Turn over



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



3. ਗੀਤਾ ਦਾ ਕੋਈ ਇੱਕ ਉਪਦੇਸ਼ ਦੱਸੋ। 1

4. ਜੈਨ ਸ਼ਬਦ ਤੋਂ ਕੀ ਭਾਵ ਹੈ ? 1

5. ਸਿੰਧ ਘਾਟੀ ਸਭਿਅਤਾ ਦੀ ਖੋਜ ਕਦੋਂ ਹੋਈ ? 1

6. ਮਹਾਤਮਾ ਬੁੱਧ ਦੇ ਪੁੱਤਰ ਦਾ ਕੀ ਨਾਂ ਸੀ ? 1

7. ਆਦਿ ਗ੍ਰੰਥ ਸਾਹਿਬ ਦਾ ਪਹਿਲਾਂ ਪ੍ਰਕਾਸ਼ ਕਦੋਂ ਕੀਤਾ ਗਿਆ ਸੀ ? 1

8. ਬੁੱਧ ਧਰਮ ਦੇ ਮਹਾਨ ਸੱਚ ਕਿੰਨੇ ਹਨ ? 1

9. ਹਰੇਕ ਸਿੱਖ ਲਈ ਕਿਹੜੇ ਪੰਜ ਕਕਾਰ ਧਾਰਨ ਕਰਨੇ ਲਾਜ਼ਮੀ ਹਨ ? 1

10. ਮਨੁੱਖ ਦੇ ਕਿੰਨੇ ਮਨੋਵਿਕਾਰ ਹਨ ? 1

## ਭਾਗ-ਅ

11. ਵੈਦਿਕ ਦੇਵਤਿਆਂ ਤੋਂ ਕਿਸ ਪ੍ਰਕਾਰ ਦੇ ਵਰਦਾਨ ਦੀ ਆਸ ਕੀਤੀ ਜਾਂਦੀ ਹੈ ? 2

12. ਬੁੱਧ ਧਰਮ ਦੇ ਦੋ ਪ੍ਰਮੁੱਖ ਫਿਰਕੇ ਕਿਹੜੇ-ਕਿਹੜੇ ਹਨ ? 2

13. ਕਿਸੇ ਚਾਰ ਸਿੱਖ ਗਰੂਆਂ ਦੇ ਨਾਂ ਲਿਖੋ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ? 2

14. ਬੁੱਧ ਧਰਮ ਦੇ ਅਨੁਸਾਰ ਨਿਰਵਾਣ ਦੀ ਪ੍ਰਾਪਤੀ ਲਈ ਕਿਹੜੇ ਮਾਰਗ ਦਾ ਪਾਲਣਾ ਲਾਜ਼ਮੀ ਦੱਸਿਆ ਗਿਆ ਹੈ ? 2

15. ਗੁਰਮੱਤਾ ਤੋਂ ਕੀ ਭਾਵ ਹੈ ? 2

16. ਗੋਇੰਦਵਾਲ ਸਾਹਿਬ ਦੀ ਬਾਉਲੀ ਵਿਚ 84 ਪੌੜੀਆਂ ਬਣਾਉਣ ਦਾ ਕੀ ਉਦੇਸ਼ ਸੀ ? 2

17. ਰਿਗਵੇਦ ਵਿੱਚ ਜਿਨ੍ਹਾਂ ਇਸਤਰੀਆਂ ਨੇ ਮੰਤਰ ਲਿਖੇ ਹਨ ਉਨ੍ਹਾਂ ਵਿੱਚੋਂ ਕਿਸੇ ਚਾਰ ਦੇ ਨਾਂ ਲਿਖੋ। 2

18. ਧਰਮ ਸ਼ਾਸਤਰਾਂ ਵਿੱਚ ਕਿਹੜੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ ? 2

## ਭਾਗ-ੲ

19. ਰਾਮਦਾਸ ਪੁਰਾ (ਸ੍ਰੀ ਅੰਮ੍ਰਿਤਸਰ) ਦੀ ਸਥਾਪਨਾ ਦਾ ਸਿੱਖ ਇਤਿਹਾਸ ਵਿੱਚ ਕੀ ਮਹੱਤਵ ਹੈ ?

ਜਾਂ

ਮੀਰੀ ਅਤੇ ਪੀਰੀ ਬਾਰੇ ਤੁਸੀਂ ਕੀ ਜਾਣਦੇ ਹੋ ? 4



www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



20. ਦਰਸ਼ਨ ਦੇ ਛੇ ਸ਼ਾਸਤਰ ਕੀ ਹਨ ਅਤੇ ਇਨ੍ਹਾਂ ਦਾ ਕੀ ਮਹੱਤਵ ਹੈ ?

ਜਾਂ

ਮਹਾਂਕਾਵਿ ਤੋਂ ਕੀ ਭਾਵ ਹੈ ਅਤੇ ਇਨ੍ਹਾਂ ਦਾ ਕੀ ਮਹੱਤਵ ਹੈ ? 4

21. ਉਪਨਿਸ਼ਦਾਂ ਤੋਂ ਕੀ ਭਾਵ ਹੈ ?

ਜਾਂ

ਭਗਵਤ ਗੀਤਾ 'ਤੇ ਇੱਕ ਨੋਟ ਲਿਖੋ । 4

22. ਤੁਸੀ ਤ੍ਰਿਰਤਨ ਬਾਰੇ ਕੀ ਜਾਣਦੇ ਹੋ ? 4

23. ਵਰੁਣ ਬਾਰੇ ਤੁਸੀ ਕੀ ਜਾਣਦੇ ਹੋ ? 4

24. ਪੰਚਸ਼ੀਲ ਤੇ ਸੰਖੇਪ ਨੋਟ ਲਿਖੋ । 4

25. ਆਦਿ ਗ੍ਰੰਥ ਸਾਹਿਬ ਜੀ ਦੀ ਵਾਣੀ ਨੂੰ ਕਿਵੇਂ ਇੱਕਠਾ ਕੀਤਾ ਗਿਆ ? 4

26. ਬੁੱਧ ਧਰਮ ਦੀਆਂ ਚਾਰ ਪਾਵਨ ਸਚਾਈਆਂ ਕੀ ਹਨ ? 4

27. ਸਿੱਖ ਧਰਮ ਵਿੱਚ ਸੰਗਤ ਦਾ ਕੀ ਮਹਤੱਵ ਹੈ ? 4

28. ਗੁਰੂ ਹਰ ਗੋਬਿੰਦ ਜੀ ਨੂੰ ਬੰਦੀ ਛੋੜ ਬਾਬਾ ਕਿਉਂ ਕਿਹਾ ਜਾਂਦਾ ਹੈ ? 4

ਭਾਗ-ਸ

29. ਖਾਲਸਾ ਪੰਥ ਦੀ ਸਿਰਜਨਾ ਦਾ ਵਰਨਣ ਕਰੋ ।

ਜਾਂ

ਸਿੰਧ ਘਾਟੀ ਦੇ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ? 6

30. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਲਾ ਬਾਰੇ ਜਾਣਕਾਰੀ ਦਿਉ ।

ਜਾਂ

ਪੁਰਾਣਾਂ ਬਾਰੇ ਸੰਖੇਪ ਜਾਣਕਾਰੀ ਦਿਉ । 6

31. ਜੈਨ ਧਰਮ ਦੀਆਂ ਨੈਤਿਕ ਸਿਖਿਆਵਾਂ ਬਾਰੇ ਚਰਚਾ ਕਰੋ ।

ਜਾਂ

ਬੁੱਧ ਧਰਮ ਦੇ ਅਸ਼ਟਾਂਗ ਮਾਰਗ ਬਾਰੇ ਜਾਣਕਾਰੀ ਦਿਉ । 6

32. ਸਿੱਖ ਧਰਮ ਵਿੱਚ ਪੰਗਤ ਦਾ ਮਹੱਤਵ ਦਰਸਾਉ ।

ਜਾਂ

ਸਿਮਰਨ ਤੋਂ ਕੀ ਭਾਵ ਹੈ ? ਇਸ ਦੇ ਕੀ ਲਾਭ ਹਨ ? 6



www.a2zpapers.com www.a2zpapers.com
Download free old Question papers gndu, ptu hp board, punjab board
www.a2zpapers.com